# ਰੀਝਾਂ ਦੀ ਤਰਜਮਾਨੀ ਕਰਦੀ ਲੋਕ-ਕਲਾ ਬਾਗ ਤੇ ਫੁਲਕਾਰੀ

**ਮਨਪ੍ਰੀਤ ਕੌਰ ਧਨੌਆ**
**ਸਹਾਇਕ ਪ੍ਰੋਫੈਸਰ**
**ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਜ਼, ਫਿਰੋਜ਼ਪੁਰ (ਪੰਜਾਬ)**

ਲੋਕ ਕਲਾ ਉਹ ਕਲਾ ਜਿਸਦਾ ਨਿਰਮਾਣ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਦੀ ਸੁਹਜ, ਸਾਦਗੀ ਅਤੇ ਕਲਾਤਮਿਕ ਗੁਣਾ ਦੁਆਰਾ ਹੋਇਆ ਹੋਵੇ। ਸਰਲਤਾ ਤੇ ਸਾਦਗੀ ਲੋਕ ਕਲਾ ਦੇ ਮਹੱਤਵਪੂਰਨ ਗੁਣ ਹਨ। ਇਹ ਕਲਾ ਕਿਸੇ ਵਿਸ਼ੇਸ਼ ਸੱਭਿਆਚਾਰ ਵਿੱਚ ਲੋਕ ਸਮੂਹ ਦੀ ਪ੍ਰਵਾਨਤਾ ਤੇ ਲਚਕਦਾਰ ਨਿਯਮਾਂਵਾਲੀ ਕਲਾ ਹੈ।

''ਲੋਕ ਕਲਾ ਅਜਿਹਾ ਹੁਨਰ ਹੈ ਜਿਸ ਦਾ ਆਧਾਰ ਲੋਕ ਜੀਵਨ ਹੈ। ਇਹ ਪਰੰਪਰਾ ਦੇ ਅੰਸ਼ਾ ਨਾਲ ਭਰਪੂਰ ਹੁੰਦੀ ਹੈ ਲੋਕ ਸਮੂਹ ਦੀ ਪ੍ਰਵਾਨਗੀ ਨਾਲ ਇੱਕ ਪੀੜੀ ਤੋਂ ਦੂਜੀ ਪੀੜ੍ਹੀ ਨੂੰ ਵਿਰਸੇ ਵਿੱਚ ਅੱਗੇ ਤੋਰਦੀ ਹੈ। ਇਸ ਵਿੱਚ ਲੋਕ ਮਾਨਸ ਦੀ ਅਭਿਵਿਅਕਤੀ ਅਤੇ ਲੋਕ ਸੰਸਕ੍ਰਿਤੀ ਦੇ ਅਵਸ਼ੇਸ਼ ਹੁੰਦੇ ਹਨ। ਇਸ ਵਿੱਚ ਸੰਗੀਤ ਲੋਕ, ਨਾਚ ਲੋਕ, ਲੋਕ ਨਾਟਕ, ਲੋਕ ਚਿੱਤਰਕਾਰੀ ਦੇ ਬੁੱਤ ਕਾਰੀ, ਕਢਾਈ ਤੇ ਬੁਣਤੀ ਆਦਿ ਲੋਕ ਹੁਨਰਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ।[1]

ਲੋਕ ਕਲਾਵਾਂ ਵਿੱਚ ਔਰਤਾਂ ਦੀ ਰੁਚੀ ਵਧੇਰੇ ਹੁੰਦੀ ਹੈ। ਇਸਤਰੀਆਂ ਕੋਲ ਵਧੇਰੇ ਸਮਾਂ ਹੋਣ ਕਰਕੇ ਉਨਾਂ ਦਾ ਮਨ ਲੋਕ-ਕਲਾਵਾਂ ਸਿਰਜਣ ਵੱਲ ਰੁਚਿਤ ਹੋ ਗਿਆ। ਆਪਣਾ ਘਰਾਂ ਦੀਆਂ ਕੰਧਾਂ ਸਜਾਉਣਾ। ਮੰਗਲ ਕਾਰਜਾਂ ਵਿੱਚ ਸਾਂਝੀ ਅਤੇ ਅਹੋਈ ਸਾਈ ਦੇ ਚਿੱਤਰ ਬਣਾਉਣਾ ਅਤੇ ਆਪਣੇ ਲਈ ਬਾਗ ਤੇ ਫੁਲਕਾਰੀ ਕੱਢਣਾ, ਉਨਾਂ ਦੇ ਸਮੇਂ ਦੀ ਸਭ ਤੋਂ ਉਤੱਮ ਵਰਤੋਂ ਰਹੀ ਹੈ।

''ਮੈਂ ਕੱਢਣਾ ਦਿੱਲੀ ਦਰਵਾਜ਼ਾ
ਪੱਚੀਆਂ ਦੀ ਲਿਆ ਦੇ ਲੋਗੜੀ। [2]

ਫੁਲਕਾਰੀ ਪੰਜਾਬ ਦੀ ਰਵਾਇਤੀ ਕਢਾਈ ਹੈ ਤੇ ਇਸਦੇ ਅਮੀਰ ਸੱਭਿਆਚਾਰ ਤੇ ਵਿਰਸੇ ਦਾ ਅਨਿੱਖੜਵਾਂ ਅੰਗ ਹੈ। ਫੁਲਕਾਰੀ ਸ਼ੁਰੂਆਤ ਵਿੱਚ ਇੱਕ ਵਿਹਲੇ ਸਮੇਂ ਵਜੋਂ ਆਰੰਭ ਹੋਈ। ਔਰਤਾਂ ਆਪਣੇ ਵਿਹਲੇ ਸਮੇਂ ਵਿੱਚ ਨਿੱਜੀ ਵਰਤੋਂ ਲਈ ਜਾਂ ਬਿਨਾਂ ਕਿਸੇ ਵਪਾਰਕ ਇਰਾਦੇ ਦੇ ਆਪਣੇ ਰਿਸ਼ਤੇਦਾਰਾਂ ਨੂੰ ਤੋਹਫੇ ਵਜੋਂ ਫੁਲਕਾਰੀ ਭੇਂਟ ਕਰਨ ਲਈ ਬਹੁਤ ਜੋਸ਼ ਨਾਲ ਕਢਾਈ ਕਰਦੀਆਂ ਸਨ। ਪੁਰਾਣੇ ਸਮਿਆਂ ਵਿੱਚ ਬਚਪਨ ਤੋਂ ਹੀ ਧੀਆਂ ਧਿਆਣੀਆਂ ਨੂੰ ਚੱਜ ਸਲੀਕੇ ਦੀ ਸਿੱਖਿਆ ਦਿੱਤੀ ਜਾਣ ਲੱਗਦੀ ਤੇ ਸੁਰਤ ਸੰਭਾਲਦਿਆਂ ਹੀ ਉਹਨਾਂ ਨੂੰ ਚੁੱਲੇ-ਚੌਂਕੇ ਦਾ ਕੰਮ ਵੀ ਸਿਖਾਇਆ ਜਾਂਦਾ ਤੇ ਨਾਲ-ਨਾਲ ਕੱਢਣ, ਬੁਣ, ਕੱਤਣ ਦਾ ਕੰਮ ਵੀ ਸਿਖਾਇਆ ਜਾਂਦਾ ਸੀ। ਜਿਸ ਕਾਰਨ ਕੁੜੀਆਂ ਸਹਿਜ-ਸੁਭਾਅ ਹੀ ਇਸ ਕਲਾ

ਵਿੱਚ ਮਾਹਿਰ ਹੋ ਜਾਂਦੀਆਂ ਸਨ। ਉਨਾਂ ਸਮਿਆਂ ਵਿੱਚ ਲੜਕੀ ਨੂੰ ਵਿਆਹ ਸਮੇਂ ਦਿੱਤੇ ਜਾਣ ਵਾਲੇ ਦਾਜ ਵਿੱਚ ਕੱਝ ਵਸਤਾਂ ਉਹ ਆਪ ਤਿਆਰ ਕਰਦੀ ਸੀ। ਜੋ ਉਸ ਦੀ ਕਲਾ-ਕੁਸ਼ਲਤਾ ਦਾ ਪ੍ਰਮਾਣ ਹੁੰਦੀ ਸੀ ਤੇ ਉਸ ਸਮੇਂ ਇਹ ਕਲਾ ਹਜੇ ਵਪਾਰਕ ਗਤੀਵਿਧੀ ਵਿੱਚ ਤਬਦੀਲ ਨਹੀਂ ਹੋਈ ਸੀ ਪਰ ਹੌਲੀ-ਹੌਲੀ ਵੱਧਦੇ ਬਜ਼ਾਰੀਕਰਨ ਨਾਲ ਇਹ ਕਲਾ ਵਪਾਰਕ ਰੂਪ ਧਾਰਨ ਕਰਨ ਲੈਂਦੀ ਹੈ। ਬਜ਼ਾਰੀਕਰਨ ਨਾਲ ਲੋਕਾਂ ਵਿੱਚ ਵੱਧ ਰਹੀਂ ਫੁਲਕਾਰੀ ਦੀ ਮੰਗ ਨੂੰ ਪੂਰਾ ਕਰਨ ਲਈ ਆਧੁਨਿਕਤਾ ਦਾ ਸਹਾਰਾ ਲੈਣਾ ਪਿਆ। ਜਿਸਦੇ ਫਲਸਰੂਪ ਇਸ ਮਸ਼ੀਨੀਕਰਨ ਦੇ ਯੁੱਗ ਵਿੱਚ ਸਾਡੀ ਅਮੀਰ ਵਿਰਾਸਤ ਦੀ ਹੱਥ ਕਲਾ ਅਲੋਪ ਹੋਣ ਕਿਨਾਰੇ ਹੈ।

'ਫੁਲਕਾਰੀ' ਸ਼ਬਦ ਫੁਲ ਅਤੇ ਕਾਰੀ ਤੋਂ ਬਣਿਆ ਹੈ। ਜਿਸਦਾ ਅਰਥ ਹੈ ਫੁੱਲਾਂ ਦਾ ਕਸਬ ਅਰਥਾਤ ਫੁੱਲ ਪਾਉਣਾ, ਕੱਢਣਾ ਜਾਂ ਫੁੱਲਾਂ ਵਾਂਗ ਸਜਾਉਣਾ। ਪਹਿਲੋਂ ਪਹਿਲ ਇਹ ਸ਼ਬਦ ਹਰ ਤਰ੍ਹਾਂ ਦੀ ਕਢਾਈ, ਬੁਣਾਈ ਲਈ ਵਰਤਿਆ ਜਾਂਦਾ ਸੀ, ਪਰ ਬਾਅਦ ਵਿੱਚ ਇਹ ਸ਼ਾਲਾਂ ਅਤੇ ਸਿਰ ਤੇ ਲੈਣ ਵਾਲੀਆਂ ਚਾਂਦਰਾਂ ਲਈ ਰਾਖਵਾਂ ਹੋ ਗਿਆ। ਪੰਜਾਬੀ ਲੋਕ ਸ਼ਿਲਪ ਕਲਾ ਦੀਆਂ ਵਿਭਿੰਨ ਵੰਨਗੀਆਂ ਵਿੱਚ ਫੁਲਕਾਰੀ ਕਲਾ ਦਾ ਅਹਿਮ ਸਥਾਨ ਹੈ। ਫੁਲਕਾਰੀ ਪੰਜਾਬਣ ਦਾ ਕੱਜਣ ਹੈ ਜੋ ਉਸ ਦੇ ਮਨ ਦੇ ਵਲਵਲਿਆਂ, ਰੀਝਾਂ ਅਤੇ ਸਿਰਜਣਸ਼ਕਤੀ ਦਾ ਪ੍ਰਤੀਕ ਰਹੀ ਹੈ।

ਫੁਲਕਾਰੀ ਮੂਲ ਰੂਪ ਵਿੱਚ ਕਦੋਂ ਹੋਂਦ ਵਿੱਚ ਆਈ। ਇਸ ਬਾਰੇ ਵਿੱਚ ਪਤਾ ਨਹੀਂ ਲਾਇਆ ਜਾ ਸਕਿਆ। ਪਰ ਵਾਰਿਸ਼ ਸ਼ਾਹ ਦੁਆਰਾ 'ਹੀਰ ਰਾਂਝਾ' (ਇੱਕ ਪ੍ਰੇਮ ਕਹਾਣੀ) ਵਿੱਚ ਫੁਲਕਾਰੀ ਦਾ ਜ਼ਿਕਰ ਕੀਤਾ ਗਿਆ ਹੈ ਤੇ ''ਇਸਦਾ ਮੌਜੂਦਾ ਰੂਪ ਅਤੇ ਪ੍ਰਸਿੱਧੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ 15ਵੀਂ ਸਦੀ ਤੱਕ ਚਲੀ ਜਾਂਦੀ ਹੈ। ਪਰ 'ਫੁਲਕਾਰੀ' ਦੀ ਕਲਾ ਦੇ ਵਿਕਾਸ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਣ ਵਾਲੇ ਵਿਦਵਾਨ ਮੰਨਦੇ ਹਨ ਕਿ ਕਸ਼ਮੀਰ ਵਿੱਚ ਵੱਸਣ ਵਾਲੇ ਈਰਾਨੀ ਮੁਸਲਮਾਨ ਇਸ ਕਲਾਂ ਨੂੰ ਆਪਣੇ ਨਾਲ ਲੈ ਕੇ ਆਏ ਸਨ। ਇਰਾਨੀ ਲੋਕ ਇਸ ਨੂੰ 'ਗੁਲਕਾਰੀ' ਆਖਦੇ ਹਨ। 'ਗੁਲਕਾਰੀ' ਦਾ ਅਰਥ ਇਰਾਨੀ ਵਿੱਚ ਉਹੀ ਹੈ ਜੋ ਪੰਜਾਬੀ ਵਿੱਚ 'ਫੁਲਕਾਰੀ' ਦਾ ਅਰਥ ਹੈ। ਪਰ ਪੰਜਾਬ ਵਿੱਚ ਬਾਗ਼ ਤੇ ਫੁਲਕਾਰੀ ਦੀ ਕਲਾ ਸ਼ੈਲੀ, ਈਰਾਨੀ ਤੇ ਚੀਨੀ ਕਸੀਦਕਾਰੀ ਤੋਂ ਵੱਖਰੀ ਹੈ। ਇਹ ਵੀ ਧਾਰਨਾ ਪੇਸ਼ ਕੀਤੀ ਜਾਂਦੀ ਹੈ ਕਿ ਈਰਾਨੀ ਅਤੇ ਮੱਧ-ਏਸ਼ਿਆਈ ਖਾਨਾ-ਬਦੋਸ਼ ਸ਼ਾਲ ਦੁਸ਼ਾਲੇ ਅਤੇ ਹੋਰ ਕੱਪੜੇ ਬੁਣਨ ਵਿੱਚ ਮੁਹਾਰਤ ਰੱਖਦੇ ਸਨ। ਉਨ੍ਹਾਂ ਦੀ ਰੰਗਾਂ ਦੀ ਸੂਝ-ਬੂਝ ਹੈਰਾਨ ਕਰ ਦੇਣ ਵਾਲੀ ਸੀ। ਰੰਗ-ਬਰੰਗੇ ਨਮੂਨੇ ਬਣਾਉਣ ਵਿੱਚ ਉਹ ਕਮਾਲ ਦਾ ਹੁਨਰ ਰੱਖਦੇ ਸਨ। ਸੰਭਵ ਹੈ ਕਿ ਰੰਗਾਂ ਦੀ ਸੂਝ ਉਨਾਂ ਲੋਕਾਂ ਰਾਹੀਂ ਹੀ ਪੰਜਾਬ ਦੀ ਧਰਤੀ ਤੇ ਆਈ ਹੋਵੇ।

'ਫੁਲਕਾਰੀ' ਦਾ ਜਨਮ ਕਦੋਂ ਤੇ ਕਿਵੇਂ ਹੋਇਆ? ਜਾਂ ਇਹ ਪਹਿਲਾਂ ਕਿੱਥੋਂ ਪ੍ਰਚਲਿੱਤ ਹੋਈ? ਇਹ ਸਵਾਲ ਵਧੇਰੇ ਮਹੱਤਵ ਨਹੀਂ ਰੱਖਦਾ, ਵਧੇਰੇ ਮਹੱਤਵ ਇਸ ਗੱਲ ਦਾ ਹੈ ਕਿ 'ਫੁਲਕਾਰੀ' ਦੀ ਕਢਾਈ ਪੰਜਾਬੀ

ਲੋਕ ਜੀਵਨ ਦੇ ਅਨੇਕਾਂ ਪੱਖਾਂ ਦੀ ਤਰਜਮਾਨੀ ਕਰਦੀ ਹੈ। ਪੁਰਾਣੇ ਸਮਿਆਂ ਵਿੱਚ ਬਚਪਨ ਵਿੱਚ ਹੀ ਧੀਆਂ ਧਿਆਣੀਆਂ ਨੂੰ ਚੱਜ ਸਲੀਕੇ ਦੀ ਸਿੱਖਿਆ ਦਿੱਤੀ ਜਾਣ ਲੱਗਦੀ ਤੇ ਸੁਰਤ ਸੰਭਾਲਦਿਆਂ ਹੀ ਉਨਾਂ ਨੂੰ ਚੁੱਲੇ ਚੌਂਕੇ ਦੇ ਕੰਮਾਂ ਤੋਂ ਇਲਾਵਾ ਕੱਢਣ, ਬੁਣਨ ਅਤੇ ਕੱਤਣ ਦਾ ਕੰਮ ਵੀ ਸਿਖਾਇਆ ਜਾਂਦਾ ਸੀ। ਕੁੜੀਆਂ ਸਹਿਜ-ਸਹਿਜ ਇਸ ਕਲਾ ਵਿੱਚ ਮਾਹਰ ਹੁੰਦੀਆਂ। ਪੰਜਾਬੀ ਸਮਾਜ ਵਿੱਚ ਲੜਕੀ ਨੂੰ ਵਿਆਹ ਸਮੇਂ ਵਿੱਚ ਦਿੱਤੇ ਜਾਣ ਵਾਲੇ ਦਾਜ ਵਿੱਚ ਕੁੱਝ ਵਸਤਾਂ ਲੜਕੀ ਦੁਆਰਾ ਆਪ ਤਿਆਰ ਕੀਤੀਆਂ ਜਾਂਦੀਆਂ ਸਨ। ਜੋ ਉਸਦੀ ਕਲਾ- ਕੁਸ਼ਲਤਾ ਦਾ ਪ੍ਰਮਾਣ ਹੁੰਦੀਆਂ ਸਲ। ਆਪਣੇ ਮਨ ਦੀਆਂ ਭਾਵਨਾਂਵਾਂ ਜਿਵੇਂ ਕਿ ਮਨਇੱਛਤ ਹਮਸਫਰ ਦੀ ਤਾਂਘ, ਸੁਖਮਈ ਭਵਿੱਖ ਦੇ ਸੁਪਨੇ ਇਨਾਂ ਸਭ ਦਾ ਪ੍ਰਗਟਾ ਖੁੱਲ ਕੇ ਨਹੀਂ ਕਰ ਸਕਦੀ ਸੀ। ਇਨਾਂ ਭਾਵਨਾਵਾਂ ਦੇ ਪ੍ਰਗਟਾਵੇ ਲਈ ਇਹ ਕਲਾ ਕ੍ਰਿਤ ਵੀ ਇੱਕ ਪ੍ਰਮੁੱਖ ਮਾਧਿਅਮ ਬਣਿਆ।

ਫੁਲਕਾਰੀ ਨਾਲ ਪੰਜਾਬਣਾਂ ਦੀਆਂ ਅਨੇਕਾਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਜੋ ਕਿ ਲੋਕ ਗੀਤਾਂ ਵਿੱਚ ਪ੍ਰਗਟ ਹੁੰਦੀਆਂ ਹਨ। ਫੁਲਕਾਰੀ ਦੀ ਲੋਕਪ੍ਰਿਯਤਾ ਨੂੰ ਦਰਸਾਉਂਦੇ ਲੋਕ-ਗੀਤ:-

ੳ) ਫੁਲਕਾਰੀ ਮੇਰੀ ਰੇਸ਼ਮੀ, ਰੰਗ ਨਾ ਆਇਆ ਠੀਕ
ਛੇਤੀ ਦਰਸ਼ਨ ਦੇਵਣੇ, ਮੈਂ ਰਸਤਾ ਰਹੀ ਉਡੀਕ। [3]

ਅ) ਫੁਲਕਾਰੀ ਸਾਡੀ ਰੇਸ਼ਮੀ, ਉੱਤੇ ਚਮਕਣ ਮੋਰ,
ਗੱਲਾਂ ਤੁਹਾਡੀਆਂ ਮਿੱਠੀਆਂ ਅੰਦਰੋਂ ਦਿਲ ਨੇ ਹੋਰ। [4]

ੲ) ਵੀਰ ਮੇਰੇ ਕੁੜਤੀ ਭੇਜੀ, ਭਾਬੋ ਨੇ ਫੁਲਕਾਰੀ,
ਨੀ ਜੁੱਗ-ਜੁੱਗ ਜੀ ਭਾਬੋ, ਲੱਗੇ ਵੀਰ ਤੋਂ ਪਿਆਰੀ। [5]

ਸ) ਮੈਨੂੰ ਤਾਂ ਕਹਿੰਦਾ ਕੱਢਣ ਨੀ ਜਾਣਦੀ,
ਕੱਤਣ ਨੀ ਜਾਣਦੀ।
ਮੈਂ ਕੱਢ ਲਈ ਫੁਲਕਾਰੀ,
ਵੇ ਜਦ ਮੈਂ ਉੱਤੇ ਲਈ
ਤੈਂ ਹੁੰਗਰ ਕਿਉਂ ਮਾਰੀ। [6]

ਹ) ਮੈਂਡੇ ਸਿਰ ਫੁਲਕਾਰੀ ਆ
ਤੁਸੀਂ ਪਰਦੇਸ ਗਏ
ਜੋਬਨ ਕਿਸ ਕਾਰੀਆਂ। [7]

ਕ) ਉੱਤੇ ਫੁਲਕਾਰੀ ਮੈਂ ਰਹਿੰਦੀ ਕੁਆਰੀ,
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ। [8]

ਕੱਢਣਾ ਏ ਬਾਗ, ਸੱਸੂ ਸੁੱਤੀਏ ਜਾਗ
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ।

**ਫੁਲਕਾਰੀ ਕਢਾਈ ਕੱਢਣ ਲਈ ਵਰਤੀ ਜਾਣ ਵਾਲੀ ਸਮੱਗਰੀ–**

ਬੇਸ ਫੈਬਰਿਕ, ਖੱਦਰ ਦਾ ਕੱਪੜਾ

ਸੂਈ

ਕਢਾਈ ਵਾਲਾ ਧਾਗਾ

ਫੈਬਰਿਕ ਹੋਲਡਿੰਗ ਫਰੇਮ

ਇੰਚੀ ਟੇਪ

ਕੈਂਚੀ

ਪੈਨੱਸਿਲ/ਚਾਕ।

**ਸਜਾਵਟ ਲਈ ਵਰਤੀ ਜਾਣ ਵਾਲੀ ਸਮੱਗਰੀ–**

ਸ਼ੀਸ਼ਾ

ਕੌਡੀ

ਮੋਤੀ

ਲੈਸ/ਗੋਟਾ

ਸਿੱਪੀ, ਸਿਤਾਰੀ।

**ਫੁਲਕਾਰੀ ਅਤੇ ਬਾਗ ਦੇ ਨਮੂਨੇ**

ਪੇਂਡੂ ਪੰਜਾਬ ਦੀਆਂ ਔਰਤਾਂ ਨੇ ਆਪਣੇ ਘਰੇਲੂ ਵਸਤੂਆਂ ਅਤੇ ਆਪਣੇ ਕੁਦਰਤੀ ਮਾਹੌਲ ਦੇ ਨਮੂਨੇ ਕਢਾਈ ਲਈ ਵਰਤੇ ਹਨ। ਫੁਲਕਾਰੀ ਅਤੇ ਬਾਗ 'ਤੇ ਔਰਤਾਂ ਇੰਨਾਂ ਲੇਖਾਂ ਨੂੰ ਦਰਸਾਉਂਦੀਆਂ ਹਨ ਅਤੇ ਗੁੰਝਲਦਾਰ ਡਿਜ਼ਾਇਨ ਲਈ ''ਡਰਨਿੰਗ ਸਟੀਚ'' ਦੀ ਵਰਤੋਂ ਕਰਦੀਆਂ ਹਨ। ਔਰਤਾਂ ਨੇ ਆਪਣੀ ਕਲਪਨਾ ਦੇ ਨਾਲ-ਨਾਲ ਕੁਦਰਤ ਤੋਂ ਪ੍ਰੇਰਨਾ ਲੈ ਕੇ ਵੀ ਡਿਜ਼ਾਈਨ ਬਣਾਏ ਹਨ। ਫੁਲਕਾਰੀ ਲਈ ਸਭ ਤੋਂ ਵੱਧ ਵਰਤੇ ਜਾਣ ਵਾਲੇ ਨਮੂਨੇ:

ਜਿਓਮੈਟ੍ਰਿਕਲ ਨਮੂਨੇ


ਸ਼ਬਜੀਆਂ, ਫਲਾਂ ਤੇ ਫੁੱਲਾਂ ਦੇ ਨਮੂਨੇ


ਪੰਛੀਆਂ ਤੇ ਜਾਨਵਰਾਂ ਦੇ ਨਮੂਨੇ

**ੳ) ਜਿਓਮੈਟ੍ਰਿਕਲ ਨਮੂਨੇ**

ਬਾਗ ਤੇ ਫੁਲਕਾਰੀ ਦੀ ਕਢਾਈ ਕਰਨ ਲਈ ਜਿਓਮੈਟ੍ਰਿਕਲ ਨਮੂਨਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਤਿਕੋਣ, ਚੱਕਰ, ਵਰਗ, ਲੰਬਕਾਰੀ ਅਤੇ ਖਿਤਿਜੀ ਰੇਖਾਵਾਂ ਵੱਖ-ਵੱਖ ਰੰਗਾਂ ਦੇ ਸੰਜੋਗਾਂ ਦੇ ਨਾਲ ਦਿਸ਼ਾਵਾਂ ਨੂੰ ਬਦਲਣਾ ਅਤੇ ਡਰਨ ਸਟੀਚ' ਕਰਨਾ। ਫੁਲਕਾਰੀ ਦਾ ਵਿਸ਼ਾ ਹੀ ਫੁੱਲਾਂ, ਜਾਨਵਰਾਂ, ਮਨੁੱਖੀ ਰੂਪਾਂ ਅਤੇ ਜਿਓਮੈਟ੍ਰਿਕਲ ਪੈਟਰਨ ਨਾਲ ਬਣੀਆਂ ਹੋਰ ਬਹੁਤ ਸਾਰੀਆਂ ਚੀਜ਼ਾਂ ਨੂੰ ਸ਼ਾਮਲ ਕਰਨਾ।


**ਫੁਲਕਾਰੀ ਅਤੇ ਬਾਗ ਦਾ ਜਿਓਮੈਟ੍ਰਿਕਲ ਰੂਪ**






### ਅ) ਸਬਜ਼ੀਆਂ, ਫਲ, ਫੁੱਲਾਂ ਦੇ ਨਮੂਨੇ

ਕੁਦਰਤ ਕਲਾ ਨੂੰ ਸਿਰਜਣ ਲਈ ਬਹੁਤ ਸਾਰੇ ਨਮੂਨੇ ਪ੍ਰਦਾਨ ਕਰਦੀ ਹੈ। ਜਿਵੇਂ ਕਿ ਫੁਲਕਾਰੀ ਨਾਮ ਵਧ ਰਹੇ ਫੁੱਲ ਦਾ ਸੁਝਾਅ ਦਿੰਦਾ ਹੈ। ਕਈ ਫੁੱਲਾਂ ਦੇ ਨਮੂਨੇ ਔਰਤਾਂ ਦੁਆਰਾ ਆਪਣੀ ਕਲਪਨਾ ਤੋਂ ਬਣਾਏ ਗਏ ਸਨ ਜਿਵੇਂ ਕਿ ਚਿੱਤਰ ਵਿੱਚ ਦਿਖਾਇਆ ਗਿਆ ਹੈ। ਗੇਂਦਾ, ਸੂਰਜਮੁਖੀ, ਮੋਤੀਆ (ਚਮੇਲੀ) ਅਤੇ ਕੋਲ (ਕਮਲ) ਆਮ ਤੌਰ' ਤੇ ਫੁਲਕਾਰੀ ਤੇ ਬਾਗ ਲਈ ਵਰਤੇ ਜਾਂਦੇ ਸਨ। ਵੱਖ-ਵੱਖ ਫਲਾਂ ਵਿੱਚੋਂ ਸੰਤਰਨ (ਸੰਤਰੀ) ਅਨਾਰ, ਨਾਖ (ਨਾਸ਼ਪਤੀ) ਅੰਬ ਦੇ ਟੁਕੜੇ ਆਦਿ ਨੂੰ ਫੁਲਕਾਰੀ ਲਈ ਨਮੂਨੇ ਵਜੋਂ ਵਰਤਿਆ ਜਾਂਦਾ ਹੈ। ਸਬਜ਼ੀਆਂ ਵਿੱਚ ਔਰਤਾਂ ਕਰੇਲੇ, ਗੋਭੀ ਦੀਆਂ ਪੱਤੀਆਂ, ਮਿਰਚਾਂ ਅਤੇ ਧਨੀਆਂ ਆਦਿ ਦੇ ਨਮੂਨੇ ਦੀ ਵਰਤੋਂ ਕਰਦੀਆਂ।






### ੲ) ਪੰਛੀਆਂ ਅਤੇ ਜਾਨਵਰਾਂ ਦੇ ਨਮੂਨੇ

ਫੁਲਕਾਰੀ' ਤੇ ਪੰਛੀਆਂ ਅਤੇ ਜਾਨਵਰਾਂ ਦੇ ਨਮੂਨੇ ਵੀ ਉਕਰੇ ਜਾਂਦੇ ਸਨ। ਸਭ ਤੋਂ ਆਮ ਜਾਨਵਰਾਂ ਦੇ ਨਮੂਨੇ ਗਾਂ, ਮੱਝ, ਬੱਕਰੀ, ਊਠ, ਘੋੜਾ, ਹਾਥੀ, ਮੱਛੀ, ਸ਼ੇਰ ਆਦਿ ਹਨ। ਪੰਛੀਆਂ ਦੇ ਨਮੂਨੇ ਵਿਚੋਂ ਮੋਰ,

ਤੋਤਾ, ਚਿੜੀ, ਕਾਂ, ਉੱਲੂ, ਕਬੂਤਰ ਸਭ ਤੋਂ ਪ੍ਰਸਿੱਧ ਸਨ। ਇੱਕ 'ਸਾਂਚੀ ਫੁਲਕਾਰੀ ਵਿੱਚ ਮਨੁੱਖੀ ਰੂਪਾਂ, ਜਾਨਵਰਾਂ ਅਤੇ ਪੰਛੀਆਂ ਦੀ ਵਰਤੋਂ ਕੀਤੀ ਗਈ ਸੀ।

**ਫੁਲਕਾਰੀ ਤੇ ਬਾਗ ਲਈ ਜਾਨਵਰਾਂ ਤੇ ਪੰਛੀਆਂ ਦੇ ਨਮੂਨੇ**






### ਸ) ਘਰੇਲੂ ਸਮਾਨ ਦੇ ਨਮੂਨੇ

ਫੁਲਕਾਰੀ ਤੇ ਬਾਗ ਦੇ ਲਈ ਕੁਝ ਨਮੂਨੇ ਔਰਤਾਂ ਦੁਆਰਾ ਰਸੋਈ ਘਰ ਵਿੱਚੋਂ ਵੀ ਲਏ ਜਾਂਦੇ ਸਨ। ਜਿਵੇਂ ਕਿ ਵੇਲਣਾ, ਗੜਵਾ ਅੱਧਾ ਪਾਣੀ ਨਾਲ ਭਰਿਆ ਹੋਇਆ ਤੇ ਘੜਾ ਆਦਿ।

### ਹ) ਗਹਿਣਿਆਂ ਦੇ ਨਮੂਨੇ

ਪੰਜਾਬ ਦੀਆਂ ਔਰਤਾਂ ਅਕਸਰ ਫੁਲਕਾਰੀ ਦੀ ਕਢਾਈ ਲਈ ਗਹਿਣਿਆਂ ਦੇ ਸਮਾਨ ਦੀ ਵਰਤੋਂ ਕਰਦੀਆਂ ਹਨ। ਉਨ੍ਹਾਂ ਵਿੱਚ ਹਾਰ, ਕੰਗਨ, ਝੁਮਕੇ, ਟਿੱਕਾ, ਸ਼ਿੰਗਾਰਪੱਟੀ, ਰਾਣੀ ਹਾਰ ਇੱਕ ਲਟਕਣ ਨਾਲ ਇਹ ਸਾਰੇ ਲੇਖ ਇੱਕ ਪੀਲੇ ਰੰਗ ਦੇ ਧਾਗੇ ਨਾਲ ਕਢਾਈ ਕੀਤੇ ਜਾਂਦੇ ਸਨ ਤਾਂ ਜੋ ਇਹ ਦਿਖਾਇਆ ਜਾ ਸਕੇ ਕਿ ਇਹ ਸੋਨੇ ਦੇ ਬਣੇ ਹੋਏ ਹਨ। ਫੁਲਕਾਰੀ ਦੇ ਕੁੱਝ ਪ੍ਰਸਿੱਧ ਰੂਪ ਹੇਠ ਲਿਖੇ ਅਨੁਸਾਰ ਹਨ।

**ਫੁਲਕਾਰੀ ਦੀਆਂ ਕਿਸਮਾਂ**



ੳ) **ਬਾਗ–** ਉਂਞ ਤਾਂ ਬਾਗ ਸ਼ਬਦ ਦਾ ਪ੍ਰਯੋਗ ਫੁਲਕਾਰੀ ਦੇ ਅਰਥਾਂ ਵਿੱਚ ਵੀ ਕੀਤਾ ਜਾਂਦਾ ਹੈ ਪਰੰਤੂ ਬਾਗ ਤੇ ਫੁਲਕਾਰੀ ਵੱਖ-ਵੱਖ ਕਢਾਈ ਵਾਲੇ ਕੱਪੜਿਆਂ ਦੇ ਨਾਮ ਹਨ। ਬਾਗ ਤੇ ਫੁਲਕਾਰੀ ਵਿੱਚ ਬੁਨਿਆਦੀ ਤੌਰ' ਤੇ ਅੰਤਰ ਇਹ ਹੁੰਦਾ ਹੈ ਕਿ ਬਾਗ ਦੀ ਕਢਾਈ ਸਮੇਂ ਰਤੀ ਜਿੰਨੀ ਥਾਂ ਵੀ ਅਣਕੱਢੀ ਨਹੀਂ ਰੱਖੀ ਜਾਂਦੀ। ਬਾਗ ਦੀ ਕਢਾਈ ਅਕਸਰ ਦੋ ਰੰਗਾਂ ਵਿੱਚ ਕੀਤੀ ਜਾਂਦੀ ਹੈ। ਰੰਗਾਂ ਦੀ ਚੋਣ ਤੇ ਮੇਲ ਵਿੱਚ ਬਹੁਤ ਸੂਝ-ਬੂਝ ਤੋਂ ਕੰਮ ਲਿਆ ਜਾਂਦਾ ਹੈ। ਬਾਗ ਦਾ ਹੁਨਰ ਵਧੇਰੇ ਕਠਿਨ ਹੁੰਦਾ ਹੈ। ਇਸ ਵਿੱਚ ਰੰਗ-ਬਰੰਗੇ ਫੁੱਲਾਂ ਦਾ ਜਾਲ ਬੁਣਿਆ ਜਾਂਦਾ ਹੈ। ਬੂਟੀਆਂ ਦੇ ਕੋਣਕਾਰ ਜਾਂ ਗੋਲਾਕਾਰੀ ਨਮੂਨੇ ਕੱਢੇ ਜਾਂਦੇ ਹਨ। ਫੁਲਕਾਰੀ ਦੀ ਤਰ੍ਹਾਂ ਬਾਗ ਦੇ ਵੱਖਰੇ ਪੱਲੇ ਨਹੀਂ ਹੁੰਦੇ, ਸਗੋਂ ਬਾਗ ਦੀ ਮੁੱਖ ਜ਼ਮੀਨ ਦੀਆਂ ਬੂਟੀਆਂ ਤੇ ਸ਼ਕਲਾਂ ਕੱਢੀਆਂ ਹੀ ਵੱਖਰੀ ਤਰਤੀਬ ਵਿੱਚ ਜਾਂਦੀਆਂ ਹਨ ਤੇ ਜਿਨ੍ਹਾਂ ਬਾਗਾਂ ਦੇ ਪੱਲੇ ਨਹੀਂ ਹੁੰਦੇ, ਉਨਾਂ ਦੇ ਸਿਰਿਆ ਉੱਤੇ ਕਿਨਾਰੀ-ਨੁਮਾ ਬਰੀਕ ਤ੍ਰੋਪੇ ਭਰੇ ਜਾਂਦੇ ਹਨ। ਬਾਗ ਫੁਲਕਾਰੀ ਦਾ ਸਭ ਤੋਂ ਵਧੇਰੇ ਵਿਕਸਤ ਤੇ ਦਿਲਕਸ਼ ਨਮੂਨਾ ਹੈ।

**ਬਾਗ**





ਅ) **ਚੋਪ ਤੇ ਸੁਬਰ**- ਚੋਪ ਸਧਾਰਨ ਫੁਲਕਾਰੀ ਤੋਂ ਵੱਡੀ ਹੁੰਦੀ ਹੈ। ਇਸ ਦੀ ਕਢਾਈ ਵੀ ਖਾਸ ਗੁੰਝਲਦਾਰ ਤ੍ਰੋਪੇ ਨਾਲ ਕੀਤੀ ਜਾਂਦੀ ਹੈ। ਇਹ ਕਾਫ਼ੀ ਕਠਿਨ ਕਾਰਜ ਹੁੰਦਾ ਹੈ। ਨਾਨੀ ਤੇ ਮਾਂ ਚੋਪ ਕੱਢਣ ਦੇ ਕੰਮ ਵਿੱਚ ਬੜਾ ਮਾਣ ਮਹਿਸੂਸ ਕਰਦੀਆਂ ਸਲ। ਕਿਉਂਕਿ ਇਹ ਸ਼ਗਨਾਂ ਦਾ ਕਾਰਜ਼ ਹੁੰਦਾ ਸੀ ਕਿਉਂਕਿ ਚੋਪ ਵਿਆਹ ਦੀ ਫੁਲਕਾਰੀ ਹੈ। ਇਸ ਲਈ ਇਸ ਕੰਮ ਲਈ ਸ਼ੁੱਭ ਦਿਨ ਲੱਭਿਆ ਜਾਂਦਾ ਸੀ। ਕੰਮ ਆਰੰਭਣ ਵੇਲੇ ਕੁੜੀ ਦੀਆਂ ਆਂਢ-ਗੁਆਂਢ ਦੀਆਂ ਸਹੇਲੀਆਂ ਨੂੰ ਸੱਦਾ ਦਿੱਤਾ ਜਾਂਦਾ ਤੇ ਘਰ ਨੂੰ ਲਿਪਿਆ ਪੋਚਿਆ ਜਾਂਦਾ ਸੀ। ਸਾਰੀਆਂ ਸਖੀਆਂ ਸਹੇਲੀਆਂ ਵਿੱਚ ਗੁੜ ਤੇ ਖੋਪਾ ਵੰਡਿਆ ਜਾਂਦਾ ਤੇ ਸਾਰੀਆਂ ਕੁੜੀਆਂ ਦੇ ਸੱਜੇ ਹੱਥ 'ਤੇ ਮੌਲੀ ਦਾ ਧਾਗਾ ਬੰਨਿਆਂ ਜਾਂਦਾ ਸੀ। ਢੋਲਕੀ ਦੀ ਤਾਲ ਤੇ ਕੁੜੀਆਂ ਸੁਹਾਗ ਦੇ ਗੀਤ ਗਾਉਂਦੀਆਂ ਸਨ ਤੇ ਨਾਨੀ ਚੋਪ ਤੇ ਪਹਿਲਾਂ ਤੋਪਾ ਭਰਦੀ ਸੀ। ਫੁਲਕਾਰੀ ਦੀਆਂ ਦੋ ਪ੍ਰਸਿੱਧ ਵੰਨਗੀਆਂ ਚੋਪ ਅਤੇ ਸੁਬਰ ਵੀ ਹਨ।

**ਚੋਪ**



ਸਾਲੂ ਵੀ ਇਸੇ ਵੰਨਗੀ ਦਾ ਕੱਪੜਾ ਹੈ। ਇਹ ਲਾਲ ਜਾਂ ਗੂੜੇ ਲਾਲ ਰੰਗ ਦਾ ਖੱਦਰ ਦਾ ਕੱਪੜਾ ਹੁੰਦਾ ਹੈ। ਜੋ ਕੇਵਲ ਵਿਆਹੁੰਦੜ ਕੁੜੀ ਹੀ ਪਹਿਨਦੀ ਹੈ। ਸਾਲੂ ਰੋਜ਼ਾਨਾ ਪਹਿਰਾਵੇ ਦਾ ਘਰੋਗੀ ਕੱਪੜਾ ਹੈ।

ੲ) **ਤਿਲ-ਪੱਤਰਾ**- ਇਹ ਫੁਲਕਾਰੀ ਦੀ ਕੋਈ ਬਹੁਤੀ ਵਿਕਸਤ ਵੰਨਗੀ ਨਹੀਂ। ਹਲਕੇ ਖੱਦਰ ਉੱਤੇ ਇਸ ਕਿਸਮ ਦੀ ਫੁਲਕਾਰੀ ਮਿਹਨਤਾਨਾ ਦੇ ਕੇ ਕਰਵਾਈ ਜਾਂਦੀ ਹੈ। ਇਸ ਕਿਸਮ ਦੀ ਫੁਲਕਾਰੀ ਦੀ ਜ਼ਮੀਨ ਅਤੇ ਪੱਲੇ ਉੱਤੇ ਏਧਰ ਓਧਰ ਤ੍ਰੋਪੇ ਭਰੇ ਹੁੰਦੇ ਹਨ। ਇਸ ਵੰਨਗੀ ਦੀਆਂ ਫੁਲਕਾਰੀਆਂ ਅਕਸਰ ਵਿਆਹ ਸ਼ਾਦੀ ਵੇਲੇ ਨੌਕਰਾਂ ਚਾਕਰਾਂ ਤੇ ਲਾਗੀਆਂ ਆਦਿ ਨੂੰ ਨਕਦੀ ਨਾਲ ਸੁਗਾਤ ਵਜੋਂ ਦਿੱਤੀਆਂ ਜਾਂਦੀਆਂ ਸਨ। ਇਸ ਵੰਨਗੀ ਦੀ ਫੁਲਕਾਰੀ ਨੂੰ ਤਿਲ-ਪੱਤਰਾ, ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿੱਚ ਤਿਲਾਂ ਦੇ ਪੱਤਰਾਂ ਭਾਵ ਕਿ ਬੀਜਾਂ ਦੇ ਚਿੱਤਰ ਪੇਸ਼ ਕੀਤਾ ਜਾਂਦਾ ਹੈ।

ਸ) **ਨੀਲਕ**- ਨੀਲਕ ਵੰਨਗੀ ਦੀ ਫੁਲਕਾਰੀ ਕਾਲੇ ਜਾਂ ਨੀਲੇ ਖੱਦਰ ਉੱਤੇ ਪੀਲੇ ਗੂੜ੍ਹੇ ਲਾਲ ਰੇਸ਼ਮ ਦੇ ਧਾਗੇ ਨਾਲ ਕੱਢੀ ਜਾਂਦੀ ਹੈ। ਨੀਲਕ ਫੁਲਕਾਰੀ ਕਿਸਾਨੇ ਪਰਿਵਾਰ ਦੀਆਂ ਔਰਤਾਂ ਵਿੱਚ ਬੜੀ ਹਰਮਨ-ਪਿਆਰੀ ਰਹੀ ਹੈ। ਇਹ ਬੜੀ ਸੋਹਣੀ ਤੇ ਦਿਲਕਸ਼ ਫੁਲਕਾਰੀ ਮੰਨੀ ਗਈ ਹੈ।


**ਨੀਲਕ**



ਨੀਲੇ ਰੰਗ ਦੀ ਝਲਕ ਕਾਰਨ ਹੀ ਇਸਨੂੰ ਨੀਲਕ ਕਿਹਾ ਜਾਂਦਾ ਹੈ। ਨੀਲਕ ਫੁਲਕਾਰੀ ਦਾ ਰੰਗ ਤਿਆਰ ਕਰਨ ਦਾ ਤਰੀਕਾ ਵੀ ਬਹੁਤ ਦਿਲਚਸਪ ਹੈ। ਗੂੜੇ ਨੀਲ ਨੂੰ ਸਿਆਹੀ ਮਾਇਲ ਬਣਾਉਣ ਲਈ ਇਸ ਵਿੱਚ ਕੁੱਝ ਲੋਹਾ ਮਿਲਾ ਕੇ ਇਹ ਰੰਗ ਤਿਆਰ ਕੀਤਾ ਜਾਂਦਾ ਹੈ।

**ਹ) ਘੁੰਗਟ ਬਾਗ**- ਇਹ ਇੱਕ ਪ੍ਰਸਿੱਧ ਬਾਗ ਹੈ ਜੋ ਰਾਵਲਪਿੰਡੀ (ਪਾਕਿਸਤਾਨ) ਦੇ ਇਲਾਕੇ ਵਿੱਚ ਵਧੇਰੇ ਪ੍ਰਚਲਿੱਤ ਹੈ। ਫੁਲਕਾਰੀ ਦਾ ਸਭ ਤੋਂ ਵਿਕਸਿਤ ਰੂਪ ਬਾਗ ਹੁੰਦਾ ਹੈ। ਘੁੰਗਟ ਬਾਗ ਉਸੇ ਦੀ ਹੀ ਇੱਕ ਵੰਨਗੀ ਹੈ। ਇਸਦੇ ਸਿਰ ਉਤਲੇ ਹਿੱਸੇ ਵਿੱਚ ਤਿਕੋਨੀ ਕਢਾਈ ਕੀਤੀ ਜਾਂਦੀ ਹੈ। ਤਿਕੋਨ ਦਾ ਆਧਾਰ ਮੱਥੇ ਦੀ ਪੂਰੀ ਗੋਲਾਈ ਉੱਤੇ ਅਤੇ ਸਿਖਰ ਗਰਦਨ ਦੇ ਪਿਛਲੇ ਹਿੱਸੇ ਤੇ ਪੈਂਦਾ ਹੈ।

**ਘੁੰਗਟ**



ਘੁੰਗਟ ਬਾਗ਼ ਵਿੱਚ ਆਮ ਤੌਰ' ਤੇ ਵੱਡੇ ਤਿਕੌਣੇ ਬੂਟੇ ਪਾਏ ਜਾਂਦੇ ਹਨ ਅਤੇ ਸਜਾਵਟ ਵਜੋਂ ਰਿਬਨ ਵਾਂਗ ਗੋਟਾ ਲਾਇਆ ਜਾਂਦਾ ਹੈ। ਘੁੰਗਟ ਬਾਗ ਦਾ ਰਿਵਾਜ ਅਸਲ ਵਿੱਚ ਮੁਸਲਮਾਨਾਂ ਦੇ 'ਪਰਦੇ' ਅਤੇ ਹਿੰਦੂਆਂ ਦੇ ਘੁੰਡ ਕੱਢਣ ਤੋਂ ਪੈਦਾ ਹੋਇਆ ਸੀ। ਪਰ ਫਿਰ ਵੀ ਇਹ ਫੁਲਕਾਰੀ ਦੀ ਇੱਕ ਅਤਿ ਪਿਆਰੀ ਵੰਨਗੀ ਵਿੱਚ ਸ਼ਾਮਿਲ ਹੈ!

**ਕ) ਛਮਾਸ**- ਪੁਰਾਣੇ ਪੰਜਾਬ ਦੇ ਦੱਖਣ-ਪੂਰਬੀ ਭਾਗ, ਖਾਸ ਕਰਕੇ ਰੋਹਤਕ, ਗੁੜਗਾਵਾਂ, ਹਿਸਾਰ ਅਤੇ ਦਿੱਲੀ ਦੇ ਪ੍ਰਦੇਸ਼ ਵਿੱਚ ਸ਼ੀਸ਼ੇ ਦੇ ਕੰਮ ਵਾਲੀ ਫੁਲਕਾਰੀ ਦਾ ਰਿਵਾਜ ਆਮ ਰਿਹਾ ਹੈ। ਇਸ ਫੁਲਕਾਰੀ

ਵਿੱਚ ਸ਼ੀਸ਼ੇ ਦੇ ਛੋਟੇ-ਛੋਟੇ ਪੀਲੇ ਜਾਂ ਸਲੇਟੀ ਨੀਲੇ ਧਾਗੇ ਨਾਲ ਲਾਲ ਜਾਂ ਸਲੇਟੀ ਰੰਗ ਦੇ ਕੱਪੜੇ ਉਪੱਰ ਜੜ੍ਹ ਦਿੱਤਾ ਜਾਂਦਾ ਸੀ। ਭਾਰੀ ਅਤੇ ਸ਼ੋਭਾ ਭਰਪੂਰ ਇਹ ਫੁਲਕਾਰੀ ਆਪਣੀ ਕਿਸਮ ਦੀ ਅਨੋਖੀ ਚੀਜ਼ ਹੈ।

**ਛਮਾਸ**




ਸ਼ੀਸ਼ੇ ਦੇ ਗੋਲ ਚਮਕਦਾਰ ਟੁਕੜੇ ਕਸੀਦੇ ਦੇ ਰੰਗ ਦੀ ਚਮਕ ਪੂਰੀ ਤਰ੍ਹਾਂ ਪ੍ਰਗਟ ਕਰਦੇ ਹਨ।

ਫੁਲਕਾਰੀ ਦੀ ਕਢਾਈ ਤੇ ਸਜਾਵਟ ਵੱਖ-ਵੱਖ ਇਲਾਕਿਆ ਵਿੱਚ ਵੱਖ-ਵੱਖ ਰਹੀ ਹੈ। ਦੱਖਣੀ ਤੇ ਦੱਖਣ-ਪੱਛਮੀ ਪੰਜਾਬ ਦੀਆਂ ਫੁਲਕਾਰੀਆਂ ਵਿੱਚ ਬੂਟੀਆਂ ਦੀ ਬਨਾਵਟ ਅਤੇ ਤੋਪੇ ਵਿੱਚ ਕੁੱਝ ਵੱਖਰਾਪਣ ਦੇਖਣ ਨੂੰ ਮਿਲਦਾ ਹੈ। ਇਨ੍ਹਾਂ ਦੀ ਕਢਾਈ ਦਸੂਤੀ ਤ੍ਰੋਪੇ ਅਤੇ ਇੱਕ ਖਾਸ ਕਿਸਮ ਦੇ ਸਾਟਨ-ਤ੍ਰੋਪੇ ਨਾਲ ਕੀਤੀ ਹੁੰਦੀ ਹੈ। ਚੋਪ ਵਾਂਗ ਇਨ੍ਹਾਂ ਦੇ ਪੱਲੇ ਵੀ ਕੱਢੇ ਹੁੰਦੇ ਹਨ। ਪੱਛਮੀ ਤੇ ਪੂਰਬੀ ਪੰਜਾਬ ਦੀਆਂ ਫੁਲਕਾਰੀਆਂ ਤੇ ਬਾਗ਼ਾਂ ਦੇ ਉਲਟੇ ਪਾਸੇ ਮੱਧਮ ਜਿਹੀਆਂ ਨੁਕਤੇਦਾਰ ਲਕੀਰਾਂ ਤੋਂ ਛੁੱਟ ਹੋਰ ਕੁੱਝ ਨਹੀਂ ਹੁੰਦਾ। ਪਰ ਦੱਖਣ ਤੇ ਦੱਖਣ ਪੱਛਮੀ ਪੰਜਾਬ ਦੀਆਂ ਫੁਲਕਾਰੀਆਂ ਵਿੱਚ ਰੇਸ਼ਮ ਦੀ ਥਾਂ ਜਿਆਦਾਤਰ ਘਰ ਕੱਤਿਆ ਸੂਤੀ ਧਾਗਾਂ ਹੀ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਜਿਸਦੇ ਫਲਸਰੂਪ ਇਨਾਂ ਇਲਾਕਿਆਂ ਦੀ ਕਢਾਈ ਨੂੰ ਹਲਕੀ ਕਿਸਮ ਦੀ ਮੰਨਿਆ ਜਾਂਦਾ ਹੈ।

ਪਿਛਲੇ ਤਿੰਨ ਦਹਾਕਿਆਂ ਵਿੱਚ ਇਸ ਹੱਥ ਕਲਾ ਦੀ ਕਢਾਈ ਨੇ ਬਹੁਤ ਪ੍ਰਸਿੱਧੀ ਹਾਸਿਲ ਕੀਤੀ। ਪਰ ਇਹ ਪ੍ਰਸਿੱਧੀ ਵਿਅਕਤੀਗਤ ਨਵੀਨਤਾ ਦੀ ਕੀਮਤ ਤੇ ਆਈ। ਇਸਦੇ ਜ਼ਿਆਦਾਤਰ ਨਮੂਨੇ ਦੁਹਰਾਓ ਵਾਲੇ ਅਤੇ ਕਢਾਈ ਵਿੱਚ ਜ਼ਿਆਦਾ ਗੁੰਝਲਦਾਰ ਨਹੀਂ ਹੁੰਦੇ। ਔਰਤਾਂ ਹੁਣ ਆਪਣੇ ਨਿੱਜੀ ਸਰੋਤਾਂ ਨੂੰ ਨਾਂ ਤਾਂ ਕੱਪੜਾ ਬਣਾਉਣ ਵਿੱਚ ਲਗਾ ਰਹੀਆਂ ਹਨ ਅਤੇ ਨਾ ਹੀ ਕਲਾ ਕਿਰਤੀ ਦੇ ਹਰੇਕ ਟੁਕੜੇ ਲਈ ਨਵੇਂ ਨਮੂਨਿਆਂ ਦੀ ਕਾਢ ਕੱਢਣ ਲਈ ਆਪਣੀ ਕਲਪਨਾ ਤੇ ਦਬਾਅ ਪਾ ਰਹੀਆਂ ਹਨ। ਵਪਾਰੀਕਰਨ ਦਾ ਯੁੱਗ ਹੋਣ ਕਾਰਨ ਪਿੰਡਾਂ ਵਿੱਚ ਏਜੰਟ ਆਉਂਦੇ ਹਨ ਤੇ ਜਾਂ ਤਾਂ ਸਵੈ-ਸਹਾਇਤਾ ਸਮੂਹਾਂ ਦੀਆਂ

ਸੰਸਥਾਵਾਂ ਜਾਂ ਵਿਅਕਤੀਗਤ ਸ਼ਿਲਪਕਾਰੀ ਔਰਤਾਂ ਨੂੰ ਕੰਮ ਸੌਂਪਦੇ ਹਨ। ਉਨ੍ਹਾਂ ਦੁਆਰਾ ਕਢਾਈ ਲਈ ਜੋ ਨਮੂਨੇ ਲਿਆਂਦੇ ਜਾਂਦੇ ਹਨ ਉਹ ਬਾਜ਼ਾਰ ਦੀ ਮੰਗ ਅਨੁਸਾਰ ਹੁੰਦੇ ਹਨ। ਪਰ ਹੁਣ ਤਾਂ ਮਸ਼ੀਨੀਕਰਨ ਦਾ ਯੁੱਗ ਹੋਣ ਕਾਰਨ ਇਹ ਸਾਰੇ ਕੰਮ ਵੀ ਆਧੁਨਿਕ ਮਸ਼ੀਨਾਂ ਦੀ ਸਹਾਇਤਾ ਨਾਲ ਕਰ ਲਿਆ ਜਾਂਦਾ ਹੈ।

**ਸਿੱਟਾ**– ਰੀਝਾਂ ਦੀ ਤਰਜਮਾਨੀ ਕਰਦੀ ਇਸ ਲੋਕ-ਕਲਾ ਦਾ ਰੂਪ ਲੋਪ ਹੋ ਰਿਹਾ ਹੈ। ਪਰੰਪਰਾਗਤ ਫੁਲਕਾਰੀ ਆਪਣਾ ਅਸਲੀ ਰੂਪ ਗੁਆ ਰਹੀ ਹੈ। ਅੱਜ ਸਮਕਾਲੀ ਫੁਲਕਾਰੀ ਦੇ ਵਪਾਰੀ-ਕਰਨ ਨੇ ਪੰਜਾਬ ਦੀ ਰਵਾਇਤੀ ਫੁਲਕਾਰੀ ਵਜੋਂ ਇਸਦੀ ਗੁਣਵੱਤਾ ਅਤੇ ਟਿਕਰਾਉ ਨਾਲ ਸਮਝੌਤਾ ਕਰ ਲਿਆ ਹੈ। ਰਵਾਇਤੀ ਫੁਲਕਾਰੀ ਦੀ ਕਢਾਈ ਕਲਾ ਪੇਂਡੂ-ਕਲਾ ਦੀ ਖੁਸ਼ਹਾਲੀ ਸੀ ਤੇ ਇਸ ਕਲਾ ਨੂੰ ਲੋਕ-ਗੀਤਾਂ ਵਿੱਚ ਵੀ ਗਾਇਆ ਜਾਂਦਾ ਸੀ। ਅੱਜ ਵੀ ਰਵਾਇਤੀ ਫੁਲਕਾਰੀ ਸਮਕਾਲੀ ਫੁਲਕਾਰੀ ਨਾਲੋਂ ਵਧੇਰੇ ਆਕਰਸ਼ਕ ਦਿਖਾਈ ਦਿੰਦੀ ਹੈ। ਪਰ ਮਸ਼ੀਨੀਕਰਨ ਤੇ ਵਪਾਰੀਕਰਨ ਦੇ ਇਸ ਯੁੱਗ ਨੇ ਸਾਡੀ ਇਸ ਰਵਾਇਤੀ ਕਲਾ ਨੂੰ ਖੋਹ ਲਿਆ ਹੈ। ਪੰਜਾਬ ਦੇ ਅਮੀਰ ਸੱਭਿਆਚਾਰ ਦੀ ਇਸ ਰਵਾਇਤੀ ਕਢਾਈ ਨੂੰ ਬਚਾਉਣ ਲਈ ਸਰਕਾਰ ਦੁਆਰਾ ਵਿਸ਼ੇਸ਼ ਸਿਖਲਾਈ ਪ੍ਰੋਗਰਾਮ, ਪ੍ਰਦਰਸ਼ਨੀਆਂ ਅਤੇ ਮੁਕਾਬਲਿਆਂ ਦਾ ਆਯੋਜਨ ਕਰਵਾਉਣਾ ਚਾਹੀਦਾ ਹੈ ਤਾਂ ਜੋ ਰੀਝਾਂ ਦੀ ਫੁਲਕਾਰੀ ਮੁੜ ਤੋਂ ਮੁਟਿਆਰਾਂ ਦਾ ਸ਼ਿੰਗਾਰ ਬਣ ਜਾਵੇ।

## ਹਵਾਲੇ ਤੇ ਟਿੱਪਣੀਆਂ


1) ਥਿੰਦ, ਕਰਨੈਲ ਸਿੰਘ, ''ਪੰਜਾਬ ਦਾ ਲੋਕ ਵਿਰਸਾ'' ਭਾਗ ਦੂਜਾ ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ਨੰ-4
2) ਜੋਸ਼ੀ, ਜੀਤ ਸਿੰਘ, ''ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ'' ਲਾਹੌਰ ਬੁੱਕ ਸ਼ਾਪ ਲੁਧਿਆਣਾ 2004 ਪੰਨਾ ਨੰ-355
3) ਜੋਸ਼ੀ, ਜੀਤ ਸਿੰਘ, ''ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ'' ਲਾਹੌਰ ਬੁੱਕ ਸ਼ਾਪ ਲੁਧਿਆਣਾ 2004 ਪੰਨਾ ਨੰ-355
4) ਜੋਸ਼ੀ, ਜੀਤ ਸਿੰਘ, ''ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ'' ਲਾਹੌਰ ਬੁੱਕ ਸ਼ਾਪ ਲੁਧਿਆਣਾ 2004 ਪੰਨਾ ਨੰ-355
5) www.youtube.com
6) www.youtube.com

7) ਜੋਸ਼ੀ, ਜੀਤ ਸਿੰਘ, ''ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ'' ਲਾਹੌਰ ਬੁੱਕ ਸ਼ਾਪ ਲੁਧਿਆਣਾ 2004 ਪੰਨਾ ਨੰ-355

8) ਜੋਸ਼ੀ, ਜੀਤ ਸਿੰਘ, ''ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ'' ਲਾਹੌਰ ਬੁੱਕ ਸ਼ਾਪ ਲੁਧਿਆਣਾ 2004 ਪੰਨਾ ਨੰ-355

ਸਿੰਘ ਹਰਜੀਤ, ''ਪੰਜਾਬ ਦੀ ਲੋਕ ਕਲਾ'' ਗੁਰੂ ਨਾਨਕ ਦੇਵ ਯੂਨੀਵਰਸਿਟੀ 1987

ਫੁੱਲ ਗੁਰਦਿਆਲ ਸਿੰਘ (ਡਾ .) ''ਪੰਜਾਬੀ ਸੱਭਿਆਚਾਰ ਵਿੱਚ ਦ੍ਰਿਸ਼ਟੀਕੋਣ'' ਪੰਜਾਬੀ ਯੂਨੀਵਰਸਿਟੀ ਪਟਿਆਲਾ

9) Hitkari S.S, Phulkari: The folk art of Punjab Phulkari Publication New Delhi 1980